


# ਕੈਲੀਫੋਰਨੀਆ ਵਿੱਚ ਭੂਮੀਗਤ ਜਲ ਨਾਲ ਕੀ ਹੋ ਰਿਹਾ ਹੈ?

ਧਰਤੀ ਹੇਠਲਾ ਪਾਣੀ ਧਰਤੀ ਦੀ ਸਤ੍ਹਾ ਦੇ ਹੇਠਾਂ ਪਾਇਆ ਜਾਣ ਵਾਲਾ ਪਾਣੀ ਹੁੰਦਾ ਹੈ। ਕਿਉਂਕਿ ਭੂਮੀਗਤ ਜਲ ਆਸਾਨੀ ਨਾਲ ਦਿਖਾਈ ਨਹੀਂ ਦਿੰਦਾ, ਇਸ ਲਈ ਲੋਕ ਇਸਦੀ ਅਹਿਮੀਅਤ ਨਹੀਂ ਜਾਣਦੇ ਹਨ। ਨਤੀਜੇ ਵਜੋਂ, ਕੈਲੀਫੋਰਨੀਆ ਵਿੱਚ ਧਰਤੀ ਹੇਠਲੇ ਪਾਣੀ ਦੇ ਬੇਸਿਨ ਓਵਰਡਰਾਫ਼ਟ ਦੀ ਸਥਿਤੀ ਵਿੱਚ ਹਨ: ਔਸਤਨ, ਕਈ ਬੇਸਿਨਾਂ ਵਿੱਚੋਂ ਪਾਣੀ ਨੂੰ ਮੀਂਹ ਅਤੇ ਹੋਰ ਸਰੋਤਾਂ ਦੁਆਰਾ ਭਰਪਾਈ ਕਰਨ ਦੀ ਤੁਲਨਾ ਨਾਲੋਂ ਤੇਜ਼ੀ ਨਾਲ ਬਾਹਰ ਕੱਢਿਆ ਜਾ ਰਿਹਾ ਹੈ। ਇਸ ਨਾਲ ਪੀਣ ਵਾਲੇ ਪਾਣੀ ਅਤੇ ਸਿੰਚਾਈ ਦੇ ਸਰੋਤ ਖਤਰੇ ਵਿੱਚ ਪੈ ਜਾਂਦੇ ਹਨ। ਵਿਧਾਨ ਸਭਾ ਦੁਆਰਾ 2014 ਵਿੱਚ ਅਪਣਾਇਆ ਗਿਆ ਰਾਜ ਦਾ ਸਸਟੇਨੇਬਲ ਗਰਾਊਂਡ ਵਾਟਰ ਮੈਨੇਜਮੈਂਟ ਐਕਟ (Sustainable Groundwater Management Act, SGMA), ਟਿਕਾਊਤਾ ਯੋਜਨਾਵਾਂ ਨੂੰ ਵਿਕਸਤ ਕਰਨ ਅਤੇ ਲਾਗੂ ਕਰਨ ਲਈ ਧਰਤੀ ਹੇਠਲੇ ਪਾਣੀ ਦੇ ਬੇਸਿਨਾਂ ਦਾ ਪ੍ਰਬੰਧਨ ਕਰਨ ਵਾਲੀਆਂ ਸਥਾਨਕ ਏਜੰਸੀਆਂ ਦੀ ਮੰਗ ਕਰਦਾ ਹੈ, ਤਾਂ ਜੋ ਇਹ ਪਾਣੀ ਇੱਕ ਸਰੋਤ ਬਣ ਸਕੇ, ਜਿਸ 'ਤੇ ਸਮੁਦਾਏ ਪੀਣ ਵਾਲੇ ਪਾਣੀ, ਖੇਤੀਬਾੜੀ, ਰਿਹਾਇਸ਼ ਅਤੇ ਹੋਰ ਜ਼ਰੂਰਤਾਂ ਲਈ ਨਿਰਭਰ ਹੋ ਸਕਦੇ ਹਨ।

## ਡੈਲਟਾ-ਮੈਂਡੋਟਾ ਬੇਸਿਨ ਵਿੱਚ ਭੂਮੀਗਤ ਜਲ ਨਾਲ ਕੀ ਵਾਪਰ ਰਿਹਾ ਹੈ?

ਡੈਲਟਾ-ਮੈਂਡੋਟਾ ਭੂਮੀਗਤ ਜਲ ਬੇਸਿਨ ਵਿੱਚ ਪਾਣੀ ਗੰਭੀਰ ਰੂਪ ਵਿੱਚ ਓਵਰਡਰਾਫਟ ਕੀਤਾ ਚੁੱਕਾ (ਪਾਣੀ ਦੀ ਬਹੁਤ ਜ਼ਿਆਦਾ ਕਮੀ) ਹੈ। ਇਸ ਨਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਅਤੇ ਪੀਣ ਵਾਲੇ ਪਾਣੀ ਦੀ ਗੁਣਵੱਤਾ ਨੂੰ ਖ਼ਤਰਾ ਹੈ। ਇਸ ਨਾਲ ਨਦੀਆਂ ਅਤੇਦਰਿਆ ਸੁੱਕ ਸਕਦੇ ਹਨ ਅਤੇ ਧਰਤੀ ਦੀ ਸਤ੍ਹਾ ਧੱਸ ਸਕਦੀ ਹੈ, ਜਿਸ ਨਾਲ ਸੰਭਾਵੀ ਤੌਰ 'ਤੇ ਬੁਨਿਆਦੀ ਢਾਂਚੇ ਨੂੰ ਨੁਕਸਾਨ ਹੋ ਸਕਦਾ ਹੈ। ਸਥਾਨਕ ਭੂਮੀਗਤ ਜਲ ਸਥਿਰਤਾ ਏਜੰਸੀਆਂ (GSA) SGMA ਦੇ ਤਹਿਤ ਜ਼ਮੀਨੀ ਪਾਣੀ ਨੂੰ ਟਿਕਾਊ ਢੰਗ ਨਾਲ ਪ੍ਰਬੰਧਿਤ ਕਰਨ ਲਈ ਜ਼ਿੰਮੇਵਾਰ ਹਨ।

ਮਾਰਚ 2023 ਵਿੱਚ, ਕੈਲੀਫੋਰਨੀਆ ਦੇ ਜਲ ਸਰੋਤ ਵਿਭਾਗ (DWR) ਨੇ ਇਹ ਨਿਰਧਾਰਤ ਕੀਤਾ ਕਿ ਭੂਮੀਗਤ ਜਲ ਦੇ ਪ੍ਰਬੰਧਨ ਲਈ ਸਥਾਨਕ ਯੋਜਨਾਵਾਂ ਨਾਕਾਫ਼ੀ ਸਨ, ਜਿਸਦਾ ਮਤਲਬ ਹੈ ਕਿ ਇਹ ਭਵਿੱਖ ਲਈ ਭੂਮੀਗਤ ਜਲ ਦੀ ਸੁਰੱਖਿਆ ਲਈ ਲੋੜੀਂਦਾ ਕੰਮ ਨਹੀਂ ਕਰਦੇ ਸਨ। ਉਹ ਨਿਰਧਾਰਨ ਕਰਨ ਤੋਂ ਬਾਅਦ, DWR ਨੇ ਬੇਸਿਨ ਨੂੰ SGMA ਦੀਆਂ "ਰਾਜ ਦਖਲਅੰਦਾਜ਼ੀ" ਦੀਆਂ ਵਿਵਸਥਾਵਾਂ ਦੇ ਤਹਿਤ ਹੋਰ ਸਮੀਖਿਆ ਲਈ ਰਾਜ ਜਲ ਸਰੋਤ ਨਿਯੰਤਰਣ ਬੋਰਡ (ਰਾਜ ਜਲ ਬੋਰਡ) ਨੂੰ ਭੇਜ ਦਿੱਤਾ। ਜਦੋਂ ਕਿਸੇ ਭੂਮੀਗਤ ਜਲ ਬੇਸਿਨ ਨੂੰ ਰਾਜ ਜਲ ਬੋਰਡ ਕੋਲ ਭੇਜਿਆ ਜਾਂਦਾ ਹੈ, ਤਾਂ ਬੋਰਡ ਬੇਸਿਨ ਨੂੰ ਪ੍ਰੋਬੇਸ਼ਨ (ਪਰਖ ਅਧੀਨ) 'ਤੇ ਰੱਖਣ ਲਈ ਵਿਚਾਰ ਕਰ ਸਕਦਾ ਹੈ।

ਜੁਲਾਈ 2024 ਵਿੱਚ, ਡੈਲਟਾ-ਮੈਂਡੋਟਾ GSA ਨੇ ਬੇਸਿਨ ਲਈ ਇੱਕ ਇਕਹਿਰੀ ਸੋਧੀ ਹੋਈ ਯੋਜਨਾ ਨੂੰ ਅਪਣਾਇਆ। ਬੋਰਡ ਦੇ ਸਟਾਫ ਨੇ ਇਸ ਯੋਜਨਾ ਦਾ ਮੁਲਾਂਕਣ ਕੀਤਾ ਅਤੇ ਸਿੱਟਾ ਕੱਢਿਆ ਕਿ ਇਹ ਭੂਮੀਗਤ ਜਲ ਪ੍ਰਬੰਧਨ ਵਿੱਚ ਕਾਫ਼ੀ ਸੁਧਾਰ ਕਰਦੀ ਹੈ। ਇਨ੍ਹਾਂ ਸੁਧਾਰਾਂ ਦੇ ਕਾਰਨ, ਬੋਰਡ ਦਾ ਸਟਾਫ ਡੈਲਟਾ-ਮੈਂਡੋਟਾ ਬੇਸਿਨ ਨੂੰ ਪ੍ਰੋਬੇਸ਼ਨ 'ਤੇ ਰੱਖਣ ਦੀ ਸਿਫਾਰਸ਼ ਨਹੀਂ ਕਰਦਾ ਹੈ ਅਤੇ ਸਥਾਨਕ ਏਜੰਸੀਆਂ ਦੁਆਰਾ ਭੂਮੀਗਤ ਜਲ ਦਾ ਪ੍ਰਬੰਧਨ ਜਾਰੀ ਰੱਖਣ ਦੇ ਦੌਰਾਨ ਨਿਰੰਤਰ ਨਿਗਰਾਨੀ ਲਈ ਬੇਸਿਨ ਨੂੰ DWR ਨੂੰ ਵਾਪਸ ਭੇਜਣ ਦੀ ਸਿਫਾਰਸ਼ ਕਰਦਾ ਹੈ।

## ਡੈਲਟਾ-ਮੈਂਡੋਟਾ ਬੇਸਿਨ ਵਿੱਚ ਭੂਮੀਗਤ ਜਲ ਦੇ ਭਵਿੱਖ ਦਾ ਫੈਸਲਾ ਕਰਨ ਵਿੱਚ ਤੁਹਾਡੇ ਵਿਚਾਰ ਵੀ ਮਾਇਨੇ ਰੱਖਦੇ ਹਨ।

ਡੈਲਟਾ-ਮੈਂਡੋਟਾ ਬੇਸਿਨ ਵਿੱਚ ਭੂਮੀਗਤ ਜਲ 'ਤੇ ਨਿਰਭਰ ਕਰਨ ਵਾਲੇ ਵਿਅਕਤੀ ਵਜੋਂ, ਬੋਰਡ ਦੀ ਫੈਸਲਾ ਲੈਣ ਦੀ ਪ੍ਰਕਿਰਿਆ ਵਿੱਚ ਤੁਹਾਡੇ ਵਿਚਾਰ ਵੀ ਮਾਇਨੇ ਰੱਖਦੇ ਹਨ।

## ਡੈਲਟਾ-ਮੈਂਡੋਟਾ ਬੇਸਿਨ




## ਤੁਸੀਂ ਕਿਵੇਂ ਹਿੱਸਾ ਲੈ ਸਕਦੇ ਹੋ:

- **ਲਿਖਤੀ ਰੂਪ ਵਿੱਚ:** ਸਟਾਫ ਮੁਲਾਂਕਣ ‘ਤੇ ਆਪਣੀ ਟਿੱਪਣੀ 1 ਅਪਰੈਲ, 2026 ਤੱਕ ਜਮਹ੍ਹਾਂ ਕਰਵਾਓ।
- **7 ਅਪ੍ਰੈਲ, 2026 ਨੂੰ ਸਵੇਰੇ 9 ਵਜੇ ਰਾਜ ਜਲ ਬੋਰਡ ਦੀ ਮੀਟਿੰਗ ਵਿੱਚ ਸ਼ਾਮਲ ਹੋਵੋ:**
  - **ਵਿਅਕਤੀਗਤ ਤੌਰ 'ਤੇ ਹਾਜ਼ਰ ਹੋਣ ਲਈ ਪਤਾ:** CalEPA HQ 1001 I Street, Sacramento, CA 95814
  - **ਇੱਥੇ ਆਨਲਾਈਨ ਦੇਖੋ:** video.calepa.ca.gov
  - **ਜ਼ੂਮ (Zoom) ਐਪ 'ਤੇ:** ਜ਼ੂਮ ਐਪ 'ਤੇ ਜ਼ੁਬਾਨੀ ਟਿੱਪਣੀ ਦੇਣ ਲਈ ਸਾਈਨ ਅੱਪ ਕਰੋ।
  - ਮੀਟਿੰਗ ਦੀ ਤਾਰੀਖ ਬਦਲ ਸਕਦੀ ਹੈ। ਅੱਪਡੇਟ ਪ੍ਰਾਪਤ ਕਰਨ ਲਈ SGMA ਭੂਮੀਗਤ ਜਲ ਪ੍ਰਬੰਧਨ ਈਮੇਲ ਸੂਚੀ ਨਾਲ ਜੁੜੋ।
  - ਮੀਟਿੰਗ ਵਿੱਚ ਕਿਵੇਂ ਸ਼ਾਮਲ ਹੋਣਾ ਹੈ ਜਾਂ ਟਿੱਪਣੀ ਕਿਵੇਂ ਦੇਣੀ ਹੈ ਇਸ ਬਾਰੇ ਵਧੇਰੇ ਜਾਣਕਾਰੀ ਇੱਥੇ ਉਪਲਬਧ ਹੈ: bit.ly/sgma-dm
- **ਸੂਚਿਤ ਰਹੋ!** ਬੋਰਡ ਦੀ SGMA ਭੂਮੀਗਤ ਜਲ ਪ੍ਰਬੰਧਨ ਈਮੇਲ ਸੂਚੀ ਨੂੰ ਸਬਸਕ੍ਰਾਈਬ ਕਰਨ ਅਤੇ ਹੋਰ ਜਾਣਨ ਲਈ ਸਾਡੀ ਵੈੱਬਸਾਈਟ 'ਤੇ ਵੇਖੋ: www.waterboards.ca.gov/sgma

ਫਰਵਰੀ 2026